Vancouver CoastalHealth
Promoting wellness. Ensuring care.

ਤੁਹਾਨੂੰ ਖ਼ੂਨ ਅਤੇ / ਜਾਂ ਖ਼ੂਨ ਦੀਆਂ ਵਸਤਾਂ ਚੜ੍ਹਾਏ ਜਾਣ ਤੋਂ ਬਾਅਦ

After your Transfusion of Blood and/or Blood Products

ਛੁੱਟੀ ਮਿਲਣ ਤੋਂ ਬਾਅਦ ਲਈ ਜਾਣਕਾਰੀ

Discharge Information

[Punjabi]

ਬਹੁਤਾ ਖ਼ੂਨ ਕਿਉਂਕਿ ਦੂਜੇ ਲੋਕਾਂ ਤੋਂ ਲਿਆ ਜਾਂਦਾ ਹੈ, ਇਸ ਕਰਕੇ ਰੀਐਕਸ਼ਨ ਹੋਣ ਦਾ ਥੋੜ੍ਹਾ ਜਿਹਾ ਖਤਰਾ ਸਦਾ ਰਹਿੰਦਾ ਹੈ। ਰੀਐਕਸ਼ਨ ਤੁਹਾਡੇ ਸਰੀਰ ਦਾ ਕਿਸੇ ਬਾਹਰੀ ਵਸਤ, ਜਿਵੇਂ ਕਿ ਖ਼ੂਨ ਜਾਂ ਖ਼ੂਨ ਦੀ ਵਸਤ ਦਾ ਉੱਤਰ ਹੁੰਦਾ ਹੈ। ਖ਼ੂਨ ਚੜ੍ਹਾਉਣ ਦੌਰਾਨ, ਨਰਸਾਂ ਕਿਸੇ ਸੰਭਵ ਰੀਐਕਸ਼ਨ ਦੇ ਸਬੰਧ ਵਿਚ ਤੁਹਾਡੀ ਨਿਗਰਾਨੀ ਰੱਖਦੀਆਂ ਹਨ। ਪਰ ਕੁਝ ਰੀਐਕਸ਼ਨ ਤੁਹਾਡੇ ਹਸਪਤਾਲ ਤੋਂ ਜਾਣ ਤੋਂ ਬਾਅਦ ਹੋ ਸਕਦੇ ਹਨ।

ਸੱਭ ਤੋਂ ਜ਼ਿਆਦਾ ਆਮ ਰੀਐਕਸ਼ਨ ਬੁਖਾਰ ਹੋਣਾ ਹੈ। ਤੁਹਾਡਾ ਤਾਪਮਾਨ ਵਧ ਸਕਦਾ ਹੈ ਅਤੇ ਤੁਹਾਡੇ ਚਿਹਰੇ ਤੇ ਲਾਲੀ ਆ ਸਕਦੀ ਹੈ; ਤੁਹਾਨੂੰ ਪਾਲਾ ਲੱਗ ਸਕਦਾ ਹੈ ਜਾਂ ਕੰਬਣੀ ਛਿੜ ਸਕਦੀ ਹੈ; ਤੁਹਾਨੂੰ ਖੰਘ ਆ ਸਕਦੀ ਹੈ। ਘਰ ਜਾਣ ਤੋਂ ਬਾਅਦ ਜੇ ਤੁਹਾਨੂੰ ਇਹ ਨਿਸ਼ਾਨੀਆਂ ਦਿਖਾਈ ਦੇਣ ਤਾਂ ਆਪਣੇ ਡਾਕਟਰ ਨੂੰ ਫੋਨ ਕਰੋ। ਆਮ ਤੌਰ ਤੇ, ਐਸੀਟਾਮਿਨੋਫਿਨ (ਟੈਲਾਨੌਲ) ਇਨ੍ਹਾਂ ਤੋਂ ਆਰਾਮ ਦੇਵੇਗੀ। ਤੁਹਾਡਾ ਡਾਕਟਰ ਕਿਸੇ ਹੋਰ ਇਲਾਜ ਦੀ ਸਲਾਹ ਵੀ ਦੇ ਸਕਦਾ ਹੈ।

ਇਕ ਹੋਰ ਸੰਭਵ ਰੀਐਕਸ਼ਨ, ਖ਼ੂਨ ਚੜ੍ਹਾਉਣ ਦੌਰਾਨ ਸਰੀਰ ਵਿਚ ਗਏ ਵਾਧੂ ਤਰਲ ਕਾਰਨ ਹੋ ਸਕਦਾ ਹੈ। ਇਹ ਰੀਐਕਸ਼ਨ ਜ਼ਿਆਦਾ ਉਨ੍ਹਾਂ ਮਰੀਜ਼ਾਂ ਨੂੰ ਹੁੰਦਾ ਹੈ ਜਿਨ੍ਹਾਂ ਨੂੰ ਦਿਲ ਜਾਂ ਗੁਰਦੇ ਦੀ ਕੋਈ ਬੀਮਾਰੀ ਹੈ। ਇਸ ਦੀਆਂ ਨਿਸ਼ਾਨੀਆਂ ਵਿਚ ਚਸਕੇ ਪੈਣ ਵਾਲੀ ਸਿਰਦਰਦ, ਖੰਘ, ਛਾਤੀ ਦੀ ਜਕੜ, ਜਾਂ ਸਾਹ ਲੈਣ ਦੀਆਂ ਸਮੱਸਿਆਵਾਂ ਸ਼ਾਮਲ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਆਮ ਤੌਰ ਤੇ ਸਿੱਧੇ ਬੈਠਣ ਨਾਲ ਆਰਾਮ ਮਹਿਸੂਸ ਹੋਵੇਗਾ। ਜੇ ਤੁਹਾਡੇ ਵਿਚ ਇਨ੍ਹਾਂ ਵਿਚੋਂ ਕੋਈ ਨਿਸ਼ਾਨੀਆਂ ਹੋਣ ਤਾਂ ਮਦਦ ਲਈ ਆਪਣੇ ਡਾਕਟਰ ਜਾਂ 911 ਨੂੰ ਫੋਨ ਕਰੋ।

ਤੁਹਾਡੀ ਨਾੜੀ ਵਿਚ ਜਿੱਥੇ ਸੂਈ ਲਾਈ ਗਈ ਸੀ, ਉੱਥੇ ਵੀ ਇਨਫੈਕਸ਼ਨ ਦੀਆਂ ਨਿਸ਼ਾਨੀਆਂ ਤੇ ਨਜ਼ਰ ਰੱਖੋ। ਦਰਦ, ਲਾਲੀ, ਸੋਜ, ਅਤੇ ਜਾਂ ਤਰਲ ਵਗਣ ਜਾਂ ਪੀਕ ਪੈਣ ਦਾ ਖਿਆਲ ਰੱਖੋ। ਜੇ ਤੁਹਾਨੂੰ ਕੋਈ ਨਿਸ਼ਾਨੀ ਦਿਖਾਈ ਦੇਵੇ ਤਾਂ ਫੌਰਨ ਆਪਣੇ ਡਾਕਟਰ ਕੋਲ ਜਾਉ।

ਕਿਉਂਕਿ ਹਰ ਖ਼ੂਨ-ਬਦਲੀ ਵੱਖ ਵੱਖ ਹੁੰਦੀ ਹੈ, ਇਸ ਕਰਕੇ ਤੁਹਾਨੂੰ ਕਿਸੇ ਦਾ ਰੀਐਕਸ਼ਨ ਹੋ ਸਕਦਾ ਹੈ, ਕਿਸੇ ਦਾ ਨਹੀਂ। ਉਪਰਲੇ ਕਿਸੇ ਵੀ ਰੀਐਕਸ਼ਨ ਬਾਰੇ ਆਪਣੇ ਡਾਕਟਰ ਨੂੰ ਦੱਸੋ।

Vancouver Acute
Transfusion Medicine Service
899 West 12th Avenue
Vancouver, BC V5Z 1M9
Tel: 604-875-4111

Outpatient Transfusion Reaction Report Form

ਇਹ ਬਹੁਤ ਜ਼ਰੂਰੀ ਹੈ ਕਿ ਆਪਣੇ ਖ਼ੂਨ ਚੜ੍ਹਵਾਉਣ ਤੋਂ ਬਾਅਦ 24 ਘੰਟਿਆਂ ਦੇ ਵਿਚ ਵਿਚ ਜੇ ਤੁਸੀਂ ਕੋਈ ਰੀਐਕਸ਼ਨ ਮਹਿਸੂਸ ਕਰਦੇ ਹੋ ਤਾਂ ਇਸ ਬਾਰੇ ਬਲੱਡ ਟ੍ਰਾਂਸਫਿਊਜ਼ਨ ਸਰਵਿਸ (ਬੀ ਟੀ ਐੱਸ) ਨੂੰ ਪਤਾ ਹੋਵੇ। ਜੇ ਤੁਹਾਨੂੰ ਅਗਾਂਹ ਵੀ ਖ਼ੂਨ ਚੜ੍ਹਾਉਣ ਦੀ ਲੋੜ ਹੈ ਤਾਂ ਆਪਣੀਆਂ ਨਿਸ਼ਾਨੀਆਂ ਬਾਰੇ ਬੀ ਟੀ ਐੱਸ ਨੂੰ ਦੱਸਣ ਨਾਲ ਇਹ ਫੈਸਲਾ ਕਰਨ ਵਿਚ ਸਹਾਇਤਾ ਹੋ ਸਕਦੀ ਹੈ ਕਿ ਕਿਹੜੀ ਵਸਤ ਤੁਹਾਡੇ ਲਈ ਸੱਭ ਤੋਂ ਬਿਹਤਰ ਹੈ। ਜੇ ਤੁਹਾਡੇ ਵਿਚ ਅੱਗੇ ਦਿੱਤੀਆਂ ਵਿਚੋਂ ਕੋਈ ਵੀ ਨਿਸ਼ਾਨੀ ਮੌਜੂਦ ਹੋਵੇ ਤਾਂ ਕਿਰਪਾ ਕਰਕੇ ਇਹ ਫਾਰਮ ਭਰੋ ਅਤੇ ਆਪਣੇ ਹਸਪਤਾਲ ਨੂੰ ਵਾਪਸ ਕਰੋ।

It is very important that the Blood Transfusion Service (BTS) is aware of any reaction you feel within 24 hours following your transfusion. If you need further transfusions, letting the BTS know about your symptoms may help in deciding on the best product for you. If you have any of the following symptoms, please fill out this form and return it to the hospital.

ਨਾਂ: _____ ਜਨਮ ਤਰੀਕ: _____
Name Date of Birth

ਖ਼ੂਨ ਚੜ੍ਹਵਾਉਣ ਦੀ ਤਰੀਕ: _____ ਵਸਤ: _____
Date of Transfusion Product

- ❑ ਕਾਂਬਾ ਛਿੜਣਾ (Chills)
- ❑ ਬੁਖਾਰ (ਜੇ ਹਾਂ ਤਾਂ ਤਾਪਮਾਨ ਕੀ ਸੀ?) _____ ਤਰੀਕ/ਸਮਾਂ _____ _____ ਵਜੇ
  Fever (if yes, what was your temperature?) Date/time Hrs.
- ❑ ਧੱਫੜ (Rash)
- ❑ ਛਪਾਕੀ (Hives)
- ❑ ਹੋਰ ਨਿਸ਼ਾਨੀਆਂ _____
  Other symptoms

ਕੀ ਤੁਸੀਂ ਇਨ੍ਹਾਂ ਨਿਸ਼ਾਨੀਆਂ ਬਾਰੇ ਆਪਣੇ ਡਾਕਟਰ ਨੂੰ ਫੋਨ ਕੀਤਾ? ਹਾਂ _____ ਨਹੀਂ _____
Did you call your doctor about these symptoms? Yes No

ਇਹ ਫਾਰਮ ਇਸ ਤਰੀਕੇ ਨਾਲ ਵਾਪਸ ਦਿੱਤਾ ਜਾ ਸਕਦਾ ਹੈ:
This form can be returned:

- ➤ ਆਪ ਆ ਕੇ (In person)
- ➤ ਫੈਕਸ ਰਾਹੀਂ: 604-875-5284 (By Fax: 604-875-5284)
- ➤ ਡਾਕ ਰਾਹੀਂ: (By Mail)
  Blood Transfusion Service
  Vancouver General Hospital
  855 West 12th Avenue
  Vancouver, B.C. V5Z 1M9

  ਜਾਂ:
- ➤ ਫੋਨ ਰਾਹੀਂ: 604-875-4632 ਤੇ ਫੋਨ ਕਰੋ ਅਤੇ ਆਪਣਾ ਨਾਂ ਅਤੇ ਟੈਲੀਫੋਨ ਨੰਬਰ ਛੱਡੋ।
  ਤੁਹਾਡੇ ਡਾਕਟਰ ਨੂੰ ਇਕ ਰਿਪੋਰਟ ਭੇਜੀ ਜਾਵੇਗੀ। ਜੇ ਹੋਰ ਪੈਰਵੀ ਦੀ ਲੋੜ ਨਾ ਹੋਈ ਤਾਂ ਤੁਹਾਡੇ ਨਾਲ ਸੰਪਰਕ **ਨਹੀਂ** ਕੀਤਾ ਜਾਵੇਗਾ।
  OR: By Phone: 604-875-4632 and leave your name and telephone number. A report will be sent to your physician. You will **NOT** be contacted unless further follow-up is required.

For more copies, go online at **http://vch.eduhealth.ca** or
email **phem@vch.ca** and quote Catalogue No. **FC.160.Af89.PU**
© Vancouver Coastal Health, October 2012

The information in this document is intended solely for the
person to whom it was given by the health care team.
www.vch.ca